# Sixth India-Nepal Joint Commission Meeting

January 15, 2021

---

## ਭਾਰਤ-ਨੇਪਾਲ ਸਾਂਝਾ ਕਮੀਸ਼ਨ ਦੀ ਛੇਵੀਂ ਬੈਠਕ

15 ਜਨਵਰੀ, 2021

ਨਵੀਂ ਦਿੱਲੀ ਵਿਖੇ 15 ਜਨਵਰੀ 2021 ਨੂੰ ਹੋਈ ਭਾਰਤ-ਨੇਪਾਲ ਸਾਂਝਾ ਕਮੀਸ਼ਨ ਦੀ ਛੇਵੀਂ ਬੈਠਕ ਦੀ ਸਹਿ- ਪ੍ਰਧਾਨਗੀ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਨੇਪਾਲੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਪ੍ਰਦੀਪ ਕੁਮਾਰ ਗਿਆਵਾਲੀ ਨੇ ਕੀਤੀ। ਦੋਵਾਂ ਵਫ਼ਦਾਂ ਵਿੱਚ ਭਾਰਤੀ ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼੍ਰਿੰਗਲਾ ਅਤੇ ਨੇਪਾਲੀ ਵਿਦੇਸ਼ ਸਕੱਤਰ ਸ਼੍ਰੀ ਭਰਤ ਰਾਜ ਪੌਂਡਿਆਲ ਅਤੇ ਦੋਵਾਂ ਪਾਸਿਆਂ ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਸਨ।

ਸਾਂਝਾ ਕਮੀਸ਼ਨ ਦੀ ਬੈਠਕ ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਬਹੁਪੱਖੀ ਸਹਿਯੋਗ ਦੇ ਸਾਰੇ ਪਹਿਲੂਆਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ ਅਤੇ ਰਵਾਇਤੀ ਤੌਰ ‘ਤੇ ਨੇੜਲੇ ਅਤੇ ਦੋਸਤਾਨਾ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਘੋਖ ਕੀਤੀ ਗਈ। ਦੋਵਾਂ ਪੱਖਾਂ ਨੇ ਸਹਿਯੋਗ ਦੇ ਵੱਖ ਵੱਖ ਖੇਤਰਾਂ, ਜਿਨ੍ਹਾਂ ਵਿੱਚ ਕਨੇਕਟਿਵਿਟੀ, ਅਰਥਚਾਰਾ ਅਤੇ ਵਪਾਰ, ਬਿਜਲੀ, ਤੇਲ ਅਤੇ ਗੈਸ, ਜਲ ਸਰੋਤ, ਸਿਆਸੀ ਅਤੇ ਸੁਰੱਖਿਆ ਦੇ ਮੁੱਦੇ, ਸਰਹੱਦ ਪ੍ਰਬੰਧਨ, ਵਿਕਾਸ ਵਿੱਚ ਭਾਈਵਾਲੀ, ਸੈਰ-ਸਪਾਟਾ, ਸਭਿਆਚਾਰ, ਸਿੱਖਿਆ ਅਤੇ ਸਮਰੱਥਾ ਨਿਰਮਾਣ ਸ਼ਾਮਲ ਸਨ, ਬਾਰੇ ਵਿਚਾਰ ਵਟਾਂਦਰੇ ਕੀਤੇ ਗਏ। ਸਾਂਝਾ ਕਮੀਸ਼ਨ ਦੀ ਪਿੱਛਲੀ ਬੈਠਕ ਤੋਂ ਬਾਅਦ ਕਈ ਦੁਵੱਲੀ ਪਹਿਲਾਂ ਨੂੰ ਅੱਗੇ ਵਧਾਉਣ ਦੇ ਮਾਮਲੇ 'ਚ ਹੋਈ ਮਹੱਤਵਪੂਰਨ ਅਤੇ ਠੋਸ ਤਰੱਕੀ ਨੂੰ ਸਵੀਕਾਰਿਆ ਗਿਆ।

ਇਸ ਖਿੱਤੇ ਵਿੱਚ COVID -19 ਮਹਾਂਮਾਰੀ ਦਾ ਮੁਕਾਬਲਾ ਕਰਨ ਵਿੱਚ ਦੋਵਾਂ ਧਿਰਾਂ ਦਰਮਿਆਨ ਨੇੜਲੇ ਸਹਿਯੋਗ ’ਤੇ ਧਿਆਨ ਦਿੱਤਾ ਗਿਆ। ਨੇਪਾਲ ਨੇ ਭਾਰਤ ਵੱਲੋਂ ਕੋਵਿਸ਼ੀਲਡ ਅਤੇ ਕੋਵੋਕਸਿਨ ਨਾਮ ਦੇ ਟੀਕਿਆਂ ਦੇ ਉਤਪਾਦਨ ਵਿਚ ਪ੍ਰਾਪਤ ਕੀਤੀ ਗਈ ਸ਼ਾਨਦਾਰ ਸਫਲਤਾ 'ਤੇ ਭਾਰਤ ਨੂੰ ਵਧਾਈ ਦਿੱਤੀ ਅਤੇ ਨੇਪਾਲ ਨੂੰ ਇਹ ਟੀਕੇ ਛੇਤੀ ਭੇਜਣ ਦੀ ਬੇਨਤੀ ਕੀਤੀ।

ਮੋਤੀਹਾਰੀ-ਅਮਲੇਖਗੰਜ ਪੈਟਰੋਲੀਅਮ ਉਤਪਾਦਾਂ ਦੀ ਪਾਈਪ ਲਾਈਨ ਦੁਆਰਾ ਹਾਸਲ ਕੀਤੇ ਗਏ ਮੀਲ ਪੱਥਰ ਦੇ ਮੱਦੇਨਜ਼ਰ ਦੋਵਾਂ ਧਿਰਾਂ ਨੇ ਪਾਈਪ ਲਾਈਨ ਨੂੰ ਚਿਤਵਾਨ ਤੱਕ ਵਿਸਥਾਰਤ ਕਰਨ ਅਤੇ ਪੂਰਬੀ ਪਾਸੇ ਵੱਲ ਸਿਲੀਗੁੜੀ ਨੂੰ ਨੇਪਾਲ ਦੇ ਝਾਪਾ ਨਾਲ ਜੋੜਨ ਵਾਲੀ ਨਵੀਂ ਪਾਈਪ ਲਾਈਨ ਦੀ ਸਥਾਪਨਾ ਬਾਰੇ ਵਿਚਾਰ ਵਟਾਂਦਰੇ ਕੀਤੇ।

ਦੋਵਾਂ ਧਿਰਾਂ ਨੇ ਜੈਨਗਰ ਤੋਂ ਕੁਰਥਾ ਵਾਇਆ ਜਨਕਪੁਰ ਨਾਮ ਦੀ ਪਹਿਲੀ ਯਾਤਰੀ ਰੇਲਵੇ ਲਾਈਨ ’ਤੇ ਕੰਮ ਪੂਰਾ ਹੋਣ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਰੇਲ ਸੇਵਾਵਾਂ ਦੀ ਸ਼ੁਰੂਆਤ ਕਰਨ ਲਈ ਸੰਚਾਲਨ ਪ੍ਰਕਿਰਿਆਵਾਂ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ। ਸੰਭਾਵਤ ਰਕਸੌਲ-ਕਾਠਮੰਡੂ ਬ੍ਰਾਡ ਗੇਜ ਰੇਲਵੇ ਲਾਈਨ ਸਮੇਤ ਹੋਰਨਾਂ ਸਰਹੱਦ -ਪਾਰ ਰੇਲ ਸੰਪਰਕ ਪ੍ਰਾਜੈਕਟਾਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

ਸਾਂਝਾ ਕਮੀਸ਼ਨ ਦੀ ਬੈਠਕ ਵਿੱਚ ਲੋਕਾਂ ਅਤੇ ਚੀਜ਼ਾਂ ਦੀ ਸਰਹੱਦ ਪਾਰ ਆਵਾਜਾਈ ਨੂੰ ਸੁਖਾਲਾ ਬਣਾਉਣ 'ਤੇ ਜ਼ੋਰ ਦਿੱਤਾ ਗਿਆ। ਇਸ ਗੱਲ ਤੇ ਧਿਆਨ ਦਿੱਤਾ ਗਿਆ ਕਿ ਹਾਲ ਵਿੱਚ ਹੀ ਬੀਰਗੰਜ ਅਤੇ ਬਿਰਤਨਗਰ ਵਿਖੇ ਏਕੀਕ੍ਰਿਤ ਚੈੱਕ ਪੋਸਟਾਂ ਨਾਲ ਦੋਵਾਂ ਦੇਸ਼ਾਂ ਦਰਮਿਆਨ ਲੋਕਾਂ ਦੀ ਨਿਰਵਿਘਨ ਆਵਾਜਾਈ ਅਤੇ ਵਪਾਰ ਵਿੱਚ ਮਦਦ ਮਿਲੀ ਹੈ। ਦੋਵਾਂ ਧਿਰਾਂ ਨੇ ਨੇਪਾਲਗੰਜ ਵਿਖੇ ਤੀਸਰੀ ICP ਦੀ ਉਸਾਰੀ ਦੇ ਸ਼ੁਰੂ ਹੋਣ ਦਾ ਸਵਾਗਤ ਕੀਤਾ। ਭਾਰਤ ਵੱਲੋਂ ਇਹ ਦੱਸਿਆ ਗਿਆ ਕਿ ਭੈਰਹਾਵਾ ਵਿਖੇ ਨਵੇਂ ICP ਦੀ ਉਸਾਰੀ ਜਲਦੀ ਹੀ ਸ਼ੁਰੂ ਕਰ ਦਿੱਤੀ ਜਾਵੇਗੀ। ਤਜਵੀਜ਼ ਕੀਤੇ ਗਏ ਪੰਚੇਸ਼ਵਰ ਮਲਟੀਪਰਪਜ਼ ਪ੍ਰੋਜੈਕਟ ਸਮੇਤ ਸਾਂਝੇ ਪਣ ਬਿਜਲੀ ਪ੍ਰਾਜੈਕਟਾਂ ਵਿੱਚ ਤੇਜ਼ੀ ਲਿਆਉਣ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ, ਜਿਸ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਅਨੇਕਾਂ ਫਾਇਦੇ ਹੋਣਗੇ।

ਭਾਰਤ ਵੱਲੋਂ ਇਹ ਗੱਲ ਆਖੀ ਗਈ ਕਿ ਉਹ ਗ੍ਰਾਂਟ ਸਹਾਇਤਾ ਨਾਲ ਨੇਪਾਲ ਵਿੱਚ ਦੋ ਹੋਰ ਸੱਭਿਆਚਾਰਕ ਵਿਰਾਸਤ ਪ੍ਰਾਜੈਕਟ ਯਾਨੀ ਪਸ਼ੂਪਤੀ ਰਿਵਰਫਰੰਟ ਡਿਵੈਲਪਮੈਂਟ ਅਤੇ ਪਾਟਨ ਦਰਬਾਰ ਵਿਖੇ ਭੰਡਾਰਖਲ ਗਾਰਡਨ ਬਹਾਲੀ ਦੇ ਕੰਮ ਸ਼ੁਰੂ ਕਰੇਗੀ।

ਦੋਵਾਂ ਪੱਖਾਂ ਨੇ ਕੌਮਾਂਤਰੀ, ਖੇਤਰੀ ਅਤੇ ਉਪ-ਖੇਤਰੀ ਸਹਿਯੋਗ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ। ਨੇਪਾਲ ਨੇ ਸੱਤਾ ਦੇ ਬਦਲੇ ਹੋਏ ਸੰਤੁਲਨ ਨੂੰ ਦਰਸਾਉਣ ਵਾਸਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਵਿਸਥਾਰਤ ਮੈਂਬਰਸ਼ਿਪ ਲਈ ਭਾਰਤ ਪ੍ਰਤੀ ਹਿਮਾਇਤ ਜ਼ਾਹਰ ਕੀਤੀ।

ਦੋਵਾਂ ਧਿਰਾਂ ਨੇ ਸਾਂਝਾ ਕਮੀਸ਼ਨ ਦੀ ਅਗਲੀ ਬੈਠਕ ਨੇਪਾਲ ਵਿੱਚ ਆਪਸੀ ਸਹੂਲਤ ਦੇ ਸਮੇਂ 'ਤੇ ਕਰਨ 'ਤੇ ਸਹਿਮਤੀ ਪ੍ਰਗਟ ਕੀਤੀ।

ਨਵੀਂ ਦਿੱਲੀ

15 ਜਨਵਰੀ, 2021

DISCLAIMER: This is an approximate translation. The original is available in English on MEA's website and may be referred to as the official press release.